**ਨੰਬਰ: 26/88/08-ਭਮ-3/8150**
**ਪੰਜਾਬ ਸਰਕਾਰ**
**ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ**
**(ਭੌਂ ਮਾਲੀਆ ਸ਼ਾਖਾ)**

ਸੇਵਾ ਵਿਖੇ,

ਸਮੂਹ ਮੰਡਲਾ ਦੇ ਕਮਿਸ਼ਨਰ,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਸਮੂਹ ਉੱਪ ਮੰਡਲ ਮੈਜਿਸਟ੍ਰੇਟ।
(ਪੰਜਾਬ ਰਾਜ ਵਿੱਚ)

ਚੰਡੀਗੜ੍ਹ ਮਿਤੀ 7-10-2008

**ਵਿਸ਼ਾ:-** **ਮਾਲਕੀ ਦੀ ਤਸਦੀਕ ਤੁਰੰਤ ਕਰਨ ਬਾਰੇ**

ਸ਼੍ਰੀ ਮਾਨ ਜੀ

ਮੈਨੂੰ ਹਦਾਇਤ ਹੋਈ ਹੈ ਕਿ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਵਾਂ ਅਤੇ ਇਹ ਕਹਾਂ ਕਿ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵਲੋਂ ਇਸ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਨ੍ਹਾਂ ਦੇ ਵਿਭਾਗ ਵਲੋਂ ਮੁੱਖ ਟਾਊਨ ਪਲਾਨਰ, ਪੰਜਾਬ ਰਾਹੀਂ ਜਮੀਨ ਦੀ ਵਰਤੋਂ ਵਿੱਚ ਬਦਲਾਵ ਕਰਨ ਨਾਲ ਸਬੰਧਤ ਦਰਖਾਸਤਾਂ ਪ੍ਰੋਸੈਸ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਅਰਜੀਆਂ ਨੂੰ ਪ੍ਰੋਸੈਸ ਕਰਨ ਹਿੱਤ ਪਹਿਲੀ ਲੋੜ ਸਬੰਧਤ ਉੱਪ ਮੰਡਲ ਮੈਜਿਸਟ੍ਰੇਟ ਦੁਆਰਾ ਮਲਕੀਅਤ ਦੀ ਤਸਦੀਕ ਹੁੰਦੀ ਹੈ। ਮੁੱਖ ਟਾਊਨ ਪਲਾਨਰ ਦੇ ਦਫਤਰ ਵਿੱਚ ਬਹੁੱਤ ਸਾਰੀਆਂ ਅਰਜੀਆਂ ਮਾਲਕੀ ਦੀ ਤਕਦੀਕ ਨਾ ਹੋਣ ਕਾਰਣ ਲਬੰਤ ਹਨ ਅਤੇ ਸਬੰਧਤ ਉੱਪ ਮੰਡਲ ਅਫਸਰ ਸਰਕਾਰ ਦੀਆਂ ਹਦਾਇਤਾਂ ਦੀ ਅਣਹੋਂਦ ਕਾਰਣ ਮਾਲਕੀ ਦੀ ਤਸਦੀਕ ਕਾਰਨ ਤੋਂ ਇਨਕਾਰ ਕਰਦੇ ਹਨ।

2. ਇੰਡਸਟ੍ਰੀਅਲ ਫੈਲੀਸਿਟੇਸ਼ਨ ਐਕਟ ਅਨੁਸਾਰ ਜਮੀਨ ਦੀ ਵਰਤੋਂ ਵਿੱਚ ਬਦਲਾਵ ਕਰਨ ਸੰਬੰਧੀ ਮਨਜੂਰੀ 40 ਦਿਨਾਂ ਦੇ ਅੰਦਰ ਦਿੱਤੀ ਜਾਣੀ ਲੋੜੀਂਦੀ ਹੈ ਇਸ ਤੋਂ ਬਾਅਦ ਇਸ ਮਨਜੂਰੀ ਨੂੰ ਡੀਮਡ ਮੰਨਜੂਰੀ ਮੰਨਿਆ ਜਾਣਾ ਹੈ। ਜਮੀਨ ਦੀ ਵਰਤੋ ਂ ਵਿੱਚ ਬਦਲਾਵ ਕਰਨ ਸਬੰਧੀ ਮਨਜੂਰੀ ਇਕ ਤਕਨੀਕੀ ਮਸਲਾ ਹੋਣ ਕਰਕੇ ਮਾਸਟਰ ਪਲਾਨ ਦੇ ਮੱਦੇ ਨਜਰ ਵਿਚਾਰੀ ਜਾਣੀ ਹੁੰਦੀ ਹੈ ਅਤੇ ਡੀਮਡ ਮਨਜੂਰੀ ਕਾਨੂੰਨੀ ਉਪਬੰਧਾਂ ਨਾਲ ਖਿਲਵਾੜ ਸਾਬਤ ਹੋ ਸਕਦੀ ਹੈ। ਜਮੀਨ ਦੀ ਵਰਤੋਂ ਬਦਲਾਵ ਕਰਨ ਦੀ ਅੰਤਿਮ ਮਨਜੂਰੀ ਮੁੱਖ ਮੰਤਰੀ ਪੰਜਾਬ ਦੀ ਪੱਧਰ ਤੇ ਦਿੱਤੀ ਜਾਣੀ ਹੁੰਦੀ ਹੈ ਇਹ ਪੂਰੀ ਵਿਧੀ 40 ਦਿਨਾਂ ਦੇ ਅੰਦਰ-ਅੰਦਰ ਮੁੰਕਮਲ ਕੀਤੀ ਜਾਣੀ ਹੁੰਦੀ ਹੈ ਪਰ ਸਬੰਧਤ ਉਪ ਮੰਡਲ ਅਫਸਰਾਂ ਵਲੋਂ ਸਮੇਂ ਸਿਰ ਮਾਲਕੀ ਦੀ ਤਸਦੀਕ ਜਾਰੀ ਨਾ ਕਰਨ ਕਰਕੇ 40 ਦਿਨਾਂ ਦਾ ਸਮਾਂ ਬੀਤ ਜਾਂਦਾ ਹੈ ਡੀਮਡ ਮਨਜੂਰੀ ਦੇ ਮੌਕੇ ਵੱਧ ਜਾਂਦੇ ਹਨ।

3. ਉਪਰੋਕਤ ਤੇ ਮੱਦੇ ਨਜਰ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਮੀਨ ਦੀ ਵਰਤੋਂ ਵਿੱਚ ਬਦਲਾਵ ਸੰਬੰਧੀ ਅਰਜੀਆਂ ਨੂੰ ਸਮੇਂ ਸਿਰ ਪ੍ਰੋਸੈਸ ਕਰਨ ਲਈ ਮਾਲਕੀ ਸੰਬੰਧੀ ਲੋੜੀਂਦੀ ਤਸਦੀਕ ਕੰਮ ਵਾਲੇ ਤਿੰਨ ਦਿਨਾਂ ਦੇ ਅੰਦਰ-ਅੰਦਰ ਹਰ ਹਾਲਤ ਵਿੱਚ ਜਾਰੀ ਕੀਤੀ ਜਾਇਆ ਕਰੇ ਤਾਂ ਜੋ ਇੰਡਸਟ੍ਰੀਅਲ ਫੈਲੀਸੀਟੇਸ਼ਨ ਐਕਟ ਤਹਿਤ ਜਮੀਨ ਦੇ ਬਦਲਾਵ ਸੰਬੰਧੀ ਪ੍ਰਾਪਤ ਹੋਈਆਂ ਅਰਜੀਆਂ ਤੇ ਸੰਬੰਧਤ ਵਿਭਾਗ ਵਲੋਂ ਫੈਸਲਾ ਸਮੇਂ ਸਿਰ ਕੀਤਾ ਜਾ ਸਕੇ

4. ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ

(ਸੋਹਣ ਲਾਲ)
ਅਧੀਨ ਸਕੱਤਰ ਮਾਲ

ਉਪਰੋਕਤ ਦਾ ਇਕ ਉਤਾਰਾ ਸਕੱਤਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਉਨ੍ਹਾਂ ਦੇ ਵਿਤੀ ਕਮਿਸ਼ਨਰ ਮਾਲ ਜੀ ਨੂੰ ਸੰਬੋਧਤ ਨੋਟ ਮਿਤੀ 6-10-2008 ਦੇ ਹਵਾਲੇ ਵਿੱਚ ਸੂਚਨਾ ਲਈ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ

ਸੇਵਾ ਵਿਖੇ,

ਸਕੱਤਰ,
ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ।

ਅੰ: ਵਿ:ਪੱ: ਨੰ: 26/88/08-ਭਮ-3/8151 ਚੰਡੀਗੜ੍ਹ ਮਿਤੀ 7-10-2008

**ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ**

ਪਿੱਠ ਅੰਕਣ ਨੰ 8251 ਸੀਟੀਪੀ(ਪਬ) SP-432(Gen.) ਮਿਤੀ: 15-10-08

ਇਸ ਦਾ ਇੱਕ ਉਤਾਰਾ ਸਮੂਹ ਉਪ ਮੰਡਲ ਮੈਜਿਸਟਰੇਟ ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।